# ਜਮਾਤ: ਦਸਵੀਂ

# ਪੰਜਾਬੀ-ਬੀ

# ਅਨੁਪੂਰਕ/ਸਪਲੀਮੈਂਟਰੀ ਪਰੀਖਿਆਵਾਂ

# 2022[redacted]

ਸਮਾਂ: 3 ਘੰਟੇ ਲਿਖਤੀ= 65 ਅੰਕ

## ਪ੍ਰਸ਼ਨ-ਪੱਤਰ ਦੀ ਰੂਪ-ਰੇਖਾ

ਸਮਾਂ: 3 ਘੰਟੇ ਕੁੱਲ ਅੰਕ (ਲਿਖਤੀ)=65

(1) ਪ੍ਰਸ਼ਨ-ਪੱਤਰ ਦੇ 2 ਮੁੱਖ ਭਾਗ ਹੋਣਗੇ: ਭਾਗ-1 ਤੇ ਭਾਗ-2 । ਭਾਗ-1 30 ਅੰਕਾਂ ਦਾ ਅਤੇ ਭਾਗ-2 35 ਅੰਕਾਂ ਦਾ ਹੋਵੇਗਾ।

(2) ਭਾਗ-1 ਵਿੱਚ ਪ੍ਰਸ਼ਨ-ਪੱਤਰ ਦੇ ਕੁੱਲ 3 ਭਾਗ (ੳ), (ਅ) ਤੇ (ੲ) ਹੋਣਗੇ, ਜਿੰਨ੍ਹਾਂ ਵਿੱਚ ਕੁੱਲ 30 ਬਹੁ-ਵਿਕਲਪੀ ਪ੍ਰਸ਼ਨ ਹੋਣਗੇ।

(3) ਭਾਗ-1 ਦੇ ਹਰੇਕ ਪ੍ਰਸ਼ਨ ਦਾ ਸਹੀ ਉੱਤਰ ਇੱਕ ਅੰਕ ਦਾ ਹੋਵੇਗਾ।

(4) ਭਾਗ-2 ਵਿੱਚ 02 ਅੰਕ ਸੁੰਦਰ ਲਿਖਾਈ ਲਈ ਨਿਰਧਾਰਿਤ ਕੀਤੇ ਗਏ ਹਨ।

(5) ਭਾਗ-2 ਵਿੱਚ ਪ੍ਰਸ਼ਨ-ਪੱਤਰ ਦੇ ਕੁੱਲ 9 ਪ੍ਰਸ਼ਨ ਹੋਣਗੇ।

(6) ਸਾਰੇ ਪ੍ਰਸ਼ਨ ਹੱਲ ਕਰਨੇ ਲਾਜ਼ਮੀ ਹੋਣਗੇ।

(7) ਕਿਸੇ ਵੀ ਗਲਤ ਉੱਤਰ ਦੇ ਅੰਕ ਨਹੀਂ ਕੱਟੇ ਜਾਣਗੇ।

## ਵਿਸ਼ੇਸ਼ ਹਦਾਇਤਾਂ: ਭਾਗ-1

ਪਰੀਖਿਆ ਪੱਖੋਂ ਅਧਿਆਪਕਾਂ,ਵਿਦਿਆਰਥੀਆਂ,ਪੇਪਰ-ਸੈਂਟਰਾਂ ਅਤੇ ਪਰੀਖਿਅਕਾਂ ਲਈ ਵਿਸ਼ੇਸ਼ ਹਦਾਇਤਾਂ:

**ਭਾਗ (ੳ): ਸਿਰਜਣਾਤਮਕ ਭਾਗ** ਕੁੱਲ ਅੰਕ=16

ਇਸ ਭਾਗ ਵਿੱਚ ਕੁੱਲ ਸੋਲਾਂ ਬਹੁ-ਵਿਕਲਪੀ ਪ੍ਰਸ਼ਨ (ਪ੍ਰਸ਼ਨ ਨੰ. 1 ਤੋਂ 16 ਤੱਕ) ਹੋਣਗੇ। ਇਸ ਵਿੱਚ ਪਾਠ-ਪੁਸਤਕ ਦੇ ਪਾਠ-ਕ੍ਰਮ ਦੇ ਲੜੀ ਨੰ. 1 ਵਿੱਚ ਸ਼ਾਮਲ ਪਾਠਾਂ ਵਿੱਚੋਂ ਇੱਕ ਲੇਖ ਦਾ ਪੈਰਾ ਦੇ ਕੇ ਉਸ ਵਿੱਚੋਂ ਚਾਰ ਬਹੁ-ਵਿਕਲਪੀ ਪ੍ਰਸ਼ਨ (ਪ੍ਰਸ਼ਨ ਨੰ. 1 ਤੋਂ 4 ਤੱਕ) ਪੁੱਛੇ ਜਾਣਗੇ। ਇਸੇ ਭਾਗ ਦਾ ਇੱਕ ਅਣਡਿਠਾ ਪੈਰਾ ਦੇ ਕੇ ਉਸ ਵਿੱਚੋਂ ਤਿੰਨ ਬਹੁ-ਵਿਕਲਪੀ ਪ੍ਰਸ਼ਨ (ਪ੍ਰਸ਼ਨ ਨੰ.5 ਤੋਂ 7 ਤੱਕ) ਪੁੱਛੇ ਜਾਣਗੇ। ਬਾਕੀ ਦੇ ਪ੍ਰਸ਼ਨ ਨੰ. 8 ਤੋਂ 16 ਤੱਕ ਦੇ ਬਹੁ-ਵਿਕਲਪੀ ਪ੍ਰਸ਼ਨ ਇਸੇ ਭਾਗ ਵਿੱਚ ਸ਼ਾਮਲ ਪੱਤਰਾਂ/ਅਰਜੀ ਦੀ ਬਣਤਰ/ਲਿਖਣ ਢੰਗ, ਸੰਖੇਪ ਰਚਨਾ ਤੇ ਇਸ ਦਾ ਸਿਰਲੇਖ, ਮੁਹਾਵਰਿਆਂ ਦੀ ਵਰਤੋਂ ਤੇ ਅਰਥ ਸਪੱਸ਼ਟਤਾ, ਨਾਲ ਸੰਬੰਧਿਤ ਹੋਣਗੇ ਅਤੇ ਅੰਕ-ਵੰਡ ਦੀ ਲਗਪਗ ਬਰਾਬਰ ਅਨੁਪਾਤ ਵਿੱਚ ਪੁੱਛੇ ਜਾਣਗੇ।

**ਭਾਗ (ਅ): ਪੰਜਾਬੀ ਵਿਆਕਰਨ** ਕੁੱਲ ਅੰਕ=9

ਇਸ ਭਾਗ ਵਿੱਚ ਕੁੱਲ ਨੌਂ (ਪ੍ਰਸ਼ਨ ਨੰ. 17 ਤੋਂ 25 ਤੱਕ) ਬਹੁ-ਵਿਕਲਪੀ ਪ੍ਰਸ਼ਨ ਪੁੱਛੇ ਜਾਣਗੇ।ਇਸ ਵਿੱਚ ਵਿਆਕਰਨ ਦੀ ਪਰਿਭਾਸ਼ਾ, ਭਾਸ਼ਾ ਅਤੇ ਪੰਜਾਬੀ ਭਾਸ਼ਾ, ਪੰਜਾਬੀ ਦੀਆਂ ਉਪ-ਭਾਸ਼ਾਵਾਂ, ਟਕਸਾਲੀ ਜਾਂ ਮਿਆਰੀ ਭਾਸ਼ਾ, ਧੁਨੀ ਅਤੇ ਪੰਜਾਬੀ ਧੁਨੀਆਂ (ਕੇਵਲ ਵਿਅੰਜਨ ਧੁਨੀਆਂ, ਨਾਸਕੀ ਵਿਅੰਜਨ), ਲਿਪੀ ਅਤੇ ਗੁਰਮੁਖੀ ਲਿਪੀ (ਕੇਵਲ ਵਰਨਮਾਲਾ ਤੇ ਅੱਖਰਾਂ ਦੀਆਂ ਕਿਸਮਾਂ), ਸ਼ਬਦ-ਬੋਧ (ਵਿਸ਼ੇਸ਼ਣ, ਕਿਰਿਆ, ਕਿਰਿਆ-ਵਿਸ਼ੇਸ਼ਣ, ਸੰਬੰਧਕ, ਯੋਜਕ, ਵਿਸਮਕ) ਨਾਲ ਸੰਬੰਧਿਤ ਬਹੁ-ਵਿਕਲਪੀ ਪ੍ਰਸ਼ਨ ਲਗਪਗ ਬਰਾਬਰ ਅੰਕ-ਵੰਡ ਦੀ ਅਨੁਪਾਤ ਅਨੁਸਾਰ ਪੁੱਛੇ ਜਾਣ।

**ਭਾਗ (ੲ): ਪੰਜਾਬੀ ਸ਼ਬਦ-ਭੇਦ ਤੇ ਅਰਥ-ਬੋਧ** ਕੁੱਲ ਅੰਕ=5

ਇਸ ਭਾਗ ਵਿੱਚ ਕੁੱਲ ਪੰਜ (ਪ੍ਰਸ਼ਨ ਨੰ. 26 ਤੋਂ 30 ਤੱਕ) ਬਹੁ-ਵਿਕਲਪੀ ਪ੍ਰਸ਼ਨ ਪੁੱਛੇ ਜਾਣਗੇ, ਜੋ ਪੁਸਤਕ ਦੇ ਅਰਥ-ਬੋਧ (ਬਹੁਤੇ ਸ਼ਬਦਾਂ ਦੀ ਥਾਂ ਇੱਕ ਸ਼ਬਦ, ਵਿਰੋਧਾਰਥਕ ਸ਼ਬਦ) ਨਾਲ ਸੰਬੰਧਿਤ ਲਗਪਗ ਬਰਾਬਰ ਅਨੁਪਾਤ-ਵੰਡ ਵਿੱਚ ਹੋਣਗੇ।

**ਪੁਸਤਕ: ਆਧੁਨਿਕ ਪੰਜਾਬੀ ਵਿਆਕਰਨ ਅਤੇ ਲੇਖ-ਰਚਨਾ**

**ਪ੍ਰਕਾਸ਼ਕ: ਪੰਜਾਬ ਸਕੂਲ ਸਿੱਖਿਆ ਬੋਰਡ**

## ਵਿਸ਼ੇਸ਼ ਹਦਾਇਤਾਂ: ਭਾਗ-2

ਪਰੀਖਿਆ ਪੱਖੋਂ ਅਧਿਆਪਕਾਂ,ਵਿਦਿਆਰਥੀਆਂ,ਪੇਪਰ-ਸੈਂਟਰਾਂ ਅਤੇ ਪਰੀਖਿਅਕਾਂ ਲਈ ਵਿਸ਼ੇਸ਼ ਹਦਾਇਤਾਂ:

ਪ੍ਰਸ਼ਨ ਨੰ: 1 ਇਹ ਪ੍ਰਸ਼ਨ ਸੁੰਦਰ ਲਿਖਾਈ ਦੇ ਅੰਕਾਂ ਲਈ ਰਾਖਵਾਂ ਹੋਵੇਗਾ। 2 ਅੰਕ

ਪ੍ਰਸ਼ਨ ਨੰ: 2 ਵਸਤੂਨਿਸ਼ਠ ਪ੍ਰਸ਼ਨ: 5 ਅੰਕ

(ੳ) ਇੱਕ ਜਾਂ ਦੋ ਸ਼ਬਦਾਂ ਵਿੱਚ ਉੱਤਰਾਂ ਵਾਲੇ ਦੋ ਪ੍ਰਸ਼ਨ 2*1=2 ਅੰਕ

(ਅ) ਸਹੀ/ਗ਼ਲਤ ਵਾਲੇ 2 ਕਥਨ 2*1=2 ਅੰਕ

(ਸ) ਖ਼ਾਲੀ ਥਾਵਾਂ ਭਰੋ ਦਾ ਇੱਕ ਕਥਨ (ਦੋ ਆਪਸ਼ਨਾਂ ਸਮੇਤ) 1*1= 1 ਅੰਕ

ਇਹ ਵਸਤੂਨਿਸ਼ਠ ਪ੍ਰਸ਼ਨ ਨਿਰਧਾਰਿਤ ਪਾਠ-ਪੁਸਤਕ ਦੇ ਵਿਆਕਰਨ ਦੀ ਪਰਿਭਾਸ਼ਾ, ਭਾਸ਼ਾ ਅਤੇ ਪੰਜਾਬੀ ਭਾਸ਼ਾ, ਧੁਨੀ ਅਤੇ ਪੰਜਾਬੀ ਧੁਨੀਆਂ (ਕੇਵਲ ਸਵਰ ਤੇ ਨਾਸਕੀ ਸਵਰ), ਲਿਪੀ ਅਤੇ ਗੁਰਮੁਖੀ ਲਿਪੀ (ਕੇਵਲ ਲਗਾਂ-ਮਾਤਰਾਂ), ਸ਼ਬਦ-ਭੇਦ, ਅਰਥ-ਬੋਧ (ਬਹੁਤੇ ਸ਼ਬਦਾਂ ਦੀ ਥਾਂ ਇੱਕ ਸ਼ਬਦ, ਵਿਰੋਧਾਰਥਕ ਸ਼ਬਦ) ਵਿੱਚੋਂ ਹੋਣਗੇ।

ਪ੍ਰਸ਼ਨ ਨੰ:3 ਕੋਈ ਤਿੰਨ ਵਿਸ਼ੇ ਦੇ ਕੇ ਇੱਕ ਉੱਤੇ ਲਗਪਗ 150 ਸ਼ਬਦਾਂ ਵਿੱਚ ਲੇਖ ਲਿਖਣ ਲਈ ਕਿਹਾ ਜਾਵੇਗਾ। ਵਿਸ਼ਾ-ਵਸਤੂ ਦੇ 2 ਅੰਕ ਅਤੇ ਪ੍ਰਗਟਾਅ ਦੇ 4 ਅੰਕ ਹਨ। 2+4=06 ਅੰਕ

ਪ੍ਰਸ਼ਨ ਨੰ:4 ਕੋਈ ਦੋ ਵਿਸ਼ੇ ਦੇ ਕੇ ਕਿਸੇ ਇੱਕ 'ਤੇ ਪੱਤਰ/ਅਰਜ਼ੀ ਲਿਖਣ ਲਈ ਕਿਹਾ ਜਾਵੇਗਾ। ਅਰੰਭ ਦਾ 1, ਮੱਧ ਦੇ 3 ਅਤੇ ਅੰਤ ਦਾ 1 ਅੰਕ ਹੈ। 1+3+1= 5 ਅੰਕ

ਪ੍ਰਸ਼ਨ ਨੰ:5 ਲਗਪਗ 100 ਸ਼ਬਦਾਂ ਦਾ ਇੱਕ ਪੈਰਾ ਦੇ ਕੇ ਉਸ ਨੂੰ ਇੱਕ ਤਿਹਾਈ ਸ਼ਬਦਾਂ ਵਿੱਚ ਸੰਖੇਪ ਕਰਨ ਲਈ ਕਿਹਾ ਜਾਵੇਗਾ। ਇਸ ਦਾ ਸਿਰਲੇਖ ਵੀ ਲਿਖਣਾ ਹੋਵੇਗਾ। ਸਿਰਲੇਖ ਦਾ 1 ਅਤੇ ਸੰਖੇਪ ਰਚਨਾ ਦੇ 3 ਅੰਕ ਹਨ। 1+3=4 ਅੰਕ

ਪ੍ਰਸ਼ਨ ਨੰ:6 ਇੱਕ ਅਣਡਿੱਠਾ ਪੈਰਾ ਦੇ ਕੇ ਉਸ ਦੇ ਵਿਸ਼ੇ-ਵਸਤੂ ਬਾਰੇ ਤਿੰਨ ਪ੍ਰਸ਼ਨ ਪੁੱਛੇ ਜਾਣਗੇ। ਹਰੇਕ ਪ੍ਰਸ਼ਨ ਦਾ 1 ਅੰਕ ਹੈ। 1*3= 3 ਅੰਕ

ਪ੍ਰਸ਼ਨ ਨੰ:7 ਪਾਠ-ਪੁਸਤਕ ਦੇ ਪੰਜ ਮੁਹਾਵਰੇ ਦੇ ਕੇ ਕੋਈ ਤਿੰਨ ਨੂੰ ਵਾਕਾਂ ਵਿੱਚ ਇਸ ਤਰ੍ਹਾਂ ਵਰਤਣਾ ਕਿ ਅਰਥ ਸਪੱਸ਼ਟ ਹੋ ਜਾਣ। ਹਰੇਕ ਦਾ 2 ਅੰਕ ਹੋਵੇਗਾ। 2*3= 6 ਅੰਕ

ਪ੍ਰਸ਼ਨ ਨੰ:8 ਪਾਠ-ਪੁਸਤਕ ਵਿੱਚੋਂ ਚਾਰ ਵਾਕ (ਜਿੰਨ੍ਹਾਂ ਵਿੱਚ ਕੇਵਲ ਦੋ ਵਿਸਰਾਮ-ਚਿੰਨ੍ਹ ਹੀ ਲਗ ਸਕਦੇ ਹੋਣ) ਦੇ ਕੇ ਕੋਈ ਦੋ ਵਾਕਾਂ ਦੇ ਢੁਕਵੇਂ ਵਿਸਰਾਮ-ਚਿੰਨ੍ਹ ਲਗਾਉਣੇ। ½ *4= 2 ਅੰਕ

ਪ੍ਰਸ਼ਨ ਨੰ:9 ਕੋਈ ਦੋ ਵਾਕ ਦੇ ਕੇ ਕਿਸੇ ਇੱਕ ਵਾਕ ਵਿਚਲੇ ਨਾਂਵ, ਪੜਨਾਂਵ, ਸ਼ਬਦਾਂ ਦੇ ਵਚਨ ਅਤੇ ਲਿੰਗ ਬਦਲ ਕੇ ਵੱਖਰੇ-ਵੱਖਰੇ ਵਾਕਾਂ ਵਿੱਚ ਮੁੜ ਲਿਖਣ ਲਈ ਕਿਹਾ ਜਾਵੇਗਾ। ਹਰੇਕ ਸਹੀ ਵਾਕ ਦਾ 1 ਅੰਕ ਹੋਵੇਗਾ। 1*2= 2 ਅੰਕ

ਨਿਰਧਾਰਿਤ ਪਾਠ-ਪੁਸਤਕਾਂ: ਸਾਹਿਤ-ਮਾਲਾ-10, ਵੰਨਗੀ:-10, ਇੱਕ ਹੋਰ ਨਵਾਂ ਸਾਲ (ਨਾਵਲ) ,ਪ੍ਰਕਾਸ਼ਕ: ਪੰਜਾਬ ਸਕੂਲ ਸਿੱਖਿਆ ਬੋਰਡ